# ਵਰਲਡ ਪੰਜਾਬੀ ਟਾਈਮਜ਼
# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162

Epaper World Punjabi Times | 11 ਅਕਤੂਬਰ 2025 ਦਿਨ ਸ਼ਨੀਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਜਿਲਾ ਮੈਜਿਸਟਰੇਟ ਵੱਲੋਂ ਦੀਵਾਲੀ, ਕ੍ਰਿਸਮਿਸ, ਗੁਰਪੁਰਬ ਤੇ ਨਵਾਂ ਸਾਲ ਤੇ ਪਟਾਖੇ ਚਲਾਉਣ ਲਈ ਸਮਾਂ ਨਿਰਧਾਰਿਤ

ਵਰਲਡ ਪੰਜਾਬੀ ਟਾਈਮਜ਼ ਧਰਮ ਪ੍ਰਵਾਨਾਂ



ਫਰੀਦਕੋਟ 11 ਅਕਤੂਬਰ : ਮਾਨਯੋਗ ਸੁਪਰੀਮ ਕੋਰਟ ਅਤੇ ਪੰਜਾਬ ਸਰਕਾਰ ਵੱਲੋਂ ਜਾਰੀ ਹਦਾਇਤਾਂ ਦੇ ਮੱਦੇਨਜ਼ਰ ਜ਼ਿਲ੍ਹਾ ਮੈਜਿਸਟਰੇਟ , ਫ਼ਰੀਦਕੋਟ ਮੈਡਮ ਪੂਨਮਦੀਪ ਕੌਰ ਆਈ.ਏ.ਐਸ ਨੇ ਭਾਰਤੀ ਨਾਗਰਿਕ ਸੁਰੱਖਿਆ ਸਹਿੰਤਾ 2023 ਦੀ ਧਾਰਾ 163 ਤਹਿਤ ਦਿੱਤੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜਿਲ੍ਹਾ ਫਰੀਦਕੋਟ ਦੀ ਹਦੂਦ ਅੰਦਰ ਮਿਤੀ 20-10-2025 ਨੂੰ ਦੀਵਾਲੀ ਵਾਲੇ ਦਿਨ ਪਟਾਕੇ ਚਲਾਉਣ ਦਾ ਸਮਾਂ ਰਾਤ 8:00 ਤੋਂ 10:00 ਵਜੇ ਤੱਕ , ਗੁਰਪੁਰਬ ਦੇ ਮੌਕੇ 5-11-2025 ਨੂੰ ਸਵੇਰੇ 4 ਵਜੇ ਤੋਂ 5 ਵਜੇ (ਇੱਕ ਘੰਟਾ) ਰਾਤ 9 ਵਜੇ ਤੋਂ ਰਾਤ 10 ਵਜੇ ਤੱਕ (ਇਕ ਘੰਟਾ) ਅਤੇ ਕ੍ਰਿਸਮਿਸ 25-26 ਦਸੰਬਰ ਅਤੇ ਨਵਾਂ ਸਾਲ 31 ਦਸੰਬਰ 2025 ਅਤੇ 01 ਜਨਵਰੀ 2026 ਨੂੰ ਅੱਧੀ ਰਾਤ 11.55 ਤੋਂ 12.30 ਵਜੇ ਤੱਕ ਦਾ ਸਮਾਂ ਨਿਰਧਾਰਤ ਕੀਤਾ ਹੈ।

ਜਿਲਾ ਮੈਜਿਸਟਰੇਟ ਮੈਡਮ ਪੂਨਮਦੀਪ ਕੌਰ ਨੇ ਕਿਹਾ ਕਿ ਦੀਵਾਲੀ, ਗੁਰਪੁਰਬ ਕ੍ਰਿਸਮਿਸ, ਤੇ ਨਵੇ ਸਾਲ ਦੀ ਆਮਦ/ ਤਿਉਹਾਰਾਂ ਦਾ ਸੀਜ਼ਨ ਨੇੜੇ ਆ ਰਿਹਾ ਹੈ, ਜਿਸ ਦੌਰਾਨ ਲੋਕ ਆਮ ਤੌਰ ਤੇ ਪਟਾਖੇ, ਆਤਿਸ਼ਬਾਜੀ ਚਲਾਉਂਦੇ ਹਨ, ਜਿਸ ਨਾਲ ਜਿਥੇ ਅੱਗ ਲੱਗਣ ਦਾ ਖਦਸ਼ਾ ਬਣਿਆ ਰਹਿੰਦਾ ਹੈ, ਉਥੇ ਇਸ ਨਾਲ ਆਵਾਜ਼ ਪ੍ਰਭਾਵ ਅਤੇ ਵਾਤਾਵਰਣ ਪ੍ਰਦੂਸ਼ਣ ਵੀ ਫੈਲਦਾ ਹੈ। ਜਿਆਦਾ ਭਾਰੀ ਵਿਸਫੋਟਕ ਪਟਾਕਿਆਂ, ਆਤਿਸ਼ਬਾਜੀਆਂ ਅਤੇ ਦਿਲ ਕੰਬਾਊ ਆਵਾਜ਼ਾਂ ਨਾਲ ਕਮਜ਼ੋਰ ਦਿਲ ਇਨਸਾਨਾਂ ਸਾਹ ਦੇ ਰੋਗੀਆਂ ਅਤੇ ਬਜ਼ੁਰਗਾਂ ਆਦਿ ਦੀ ਸਿਹਤ ਤੇ ਮਾੜਾ ਪ੍ਰਭਾਵ ਪੈ ਸਕਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵਿਗਿਆਨ ਤਕਨੀਕ ਅਤੇ ਵਾਤਾਵਰਣ ਵਿਭਾਗ ਪੰਜਾਬ ਪਾਸੋਂ ਪ੍ਰਾਪਤ ਹੋਏ ਪੱਤਰ ਰਾਹੀਂ ਮਾਨਯੋਗ ਸੁਪਰੀਮ ਕੋਰਟ ਆਫ ਇੰਡੀਆ ਅਤੇ ਮਾਨਯੋਗ ਨੈਸ਼ਨਲ ਗ੍ਰੀਨ ਟ੍ਰਿਬਿਊਨਲ ਦੇ ਹੁਕਮਾਂ ਦੀ ਪਾਲਣਾ ਵਿੱਚ ਪੰਜਾਬ ਰਾਜ ਵਿੱਚ ਪਟਾਕਿਆਂ ਦੀ ਵਿਕਰੀ ਅਤੇ ਵਰਤੋਂ ਸਬੰਧੀ ਸਮਾਂ ਨਿਰਧਾਰਿਤ ਕੀਤਾ ਜਾਣਾ ਜਰੂਰੀ ਹੈ।

## ਜੀ ਜੀ ਐੱਨ ਖਾਲਸਾ ਕਾਲਿਜ ਲੁਧਿਆਣਾ ਵਿੱਚ ਪ੍ਰਵਾਸ ਦਾ 45ਵਾਂ ਅੰਕ ਲੋਕ ਅਰਪਣ

### ਪ੍ਰਵਾਸੀ ਲੇਖਕ ਬਦੇਸ਼ਾਂ ਦੀ ਬਦਲਦੀ ਸਮਾਜਿਕ ਆਰਥਿਕ ਤੇ ਸੱਭਿਆਚਾਰਕ ਤਸਵੀਰ ਵੀ ਸਾਹਿੱਤ ਵਿੱਚ ਪੇਸ਼ ਕਰਨ- ਡਾ. ਸ ਪ ਸਿੰਘ

ਲੁਧਿਆਣਾਃ 11 ਅਕਤੂਬਰ : ਪਰਵਾਸੀ ਸਾਹਿਤ ਅਧਿਐਨ ਕੇਂਦਰ, ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ, ਲੁਧਿਆਣਾ ਵੱਲੋਂ ਅੱਜ "ਪਰਵਾਸ" ਪੱਤ੍ਰਿਕਾ ਦਾ 45ਵਾਂ ਅੰਕ ਲੋਕ ਅਰਪਿਤ ਕੀਤਾ ਗਿਆ। ਜਿਸ ਵਿੱਚ ਪੰਜਾਬ ਭਵਨ, ਸਰੀ ਦੇ ਸੰਸਥਾਪਕ ਤੇ ਉੱਘੇ ਸਮਾਜ-ਸੇਵੀ ਸ੍ਰੀ ਸੁੱਖੀ ਬਾਠ ਤੇ ਪ੍ਰੋ. ਗੁਰਭਜਨ ਸਿੰਘ ਗਿੱਲ ਪ੍ਰਧਾਨ, ਲੋਕ ਵਿਰਾਸਤ ਅਕਾਡਮੀ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ।
ਪ੍ਰੋਗਰਾਮ ਦੇ ਆਰੰਭ ਵਿੱਚ ਡਾ. ਸ. ਪ. ਸਿੰਘ, ਸਾਬਕਾ ਵਾਈਸ ਚਾਂਸਲਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਅਤੇ ਪ੍ਰਧਾਨ ਗੁਜਰਾਂਵਾਲਾ ਖ਼ਾਲਸਾ ਐਜੂਕੇਸ਼ਨਲ ਕੌਂਸਲ ਨੇ ਸਭ ਨੂੰ ਰਸਮੀ ਤੌਰ 'ਤੇ ਜੀ ਆਇਆ ਕਿਹਾ ਤੇ ਉਨ੍ਹਾਂ ਅਜੋਕੇ ਸੰਦਰਭ ਵਿੱਚ ਪਰਵਾਸੀਆਂ ਦੇ ਰੁਜ਼ਗਾਰ ਵਸੇਬੇ ਤੇ ਸਾਹਿਤ ਨਾਲ ਜੁੜੇ ਮਸਲਿਆਂ ਬਾਰੇ ਵਿਚਾਰ ਸਾਂਝੇ ਕੀਤੇ।




ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਇਸ ਮੌਕੇ ਕਿਹਾ ਕਿ ਸਾਹਿਤ ਤੇ ਸਮਾਜ ਦੀ ਇਹ ਜ਼ਿੰਮੇਵਾਰੀ ਹੈ ਕਿ ਉਹ ਆਪਣੇ ਬੱਚਿਆਂ ਨੂੰ ਚੰਗੀਆਂ ਕਦਰਾਂ ਕੀਮਤਾਂ ਨਾਲ ਜੋੜਨ। ਉਨ੍ਹਾਂ ਨੇ ਇਸ ਗੱਲ 'ਤੇ ਦੁੱਖ ਪ੍ਰਗਟ ਕੀਤਾ ਕਿ ਅਸੀਂ ਸਕੂਲਾਂ ਵਿੱਚ ਆਪਣੇ ਬੱਚਿਆਂ ਨੂੰ ਕਿਰਤ ਨਾਲੋਂ ਤੋੜ ਦਿੱਤਾ ਹੈ। ਜੇਕਰ ਵਿਦਿਆਰਥੀ ਆਪਣੇ ਵਿਦਿਆ ਮੰਦਰ ਵਿੱਚ ਕੋਈ ਕੰਮ ਕਰਦੇ ਹਨ ਤਾਂ ਮੀਡੀਆ ਇਸ ਨੂੰ ਨਕਾਰਤਮਕਤਾ ਨਾਲ ਪੇਸ਼ ਕਰਦਾ ਹੈ। ਉਨ੍ਹਾਂ ਨੇ ਪੰਜਾਬ ਭਵਨ, ਸਰੀ ਦੇ ਮਿਸ਼ਨ, ਨਵੀਆਂ ਕਲਮਾਂ, ਨਵੀਂ ਉਡਾਣ ਦੀ ਸ਼ਲਾਘਾ ਵੀ ਕੀਤੀ।
ਪੰਜਾਬ ਭਵਨ ਸਰੀ ਦੇ ਸੰਸਥਾਪਕ ਸ੍ਰੀ ਸੁੱਖੀ ਬਾਠ ਨੇ ਇਸ ਮੌਕੇ ਆਪਣੇ ਇਸ ਮਿਸ਼ਨ ਬਾਰੇ ਤੇ ਭਵਿੱਖ ਦੀਆਂ ਨਾਲ ਸਾਹਿਤ ਨੂੰ ਲੈ ਕੇ ਕੁਝ ਯੋਜਨਾਵਾਂ ਵੀ ਸਾਂਝੀਆਂ ਕੀਤੀਆਂ। ਉਨ੍ਹਾਂ ਨੇ ਕਿਹਾ ਕਿ ਆਉਣ ਵਾਲੇ ਸਮੇਂ ਪੰਜਾਬ ਭਵਨ, ਸਰੀ ਪਰਵਾਸੀ ਸਾਹਿਤ ਅਧਿਐਨ ਕੇਂਦਰ ਨਾਲ ਮਿਲ ਕੇ ਸਾਹਿਤਕ ਪ੍ਰੋਗਰਾਮ ਵੀ ਕਰੇਗਾ। ਇਸ ਮੌਕੇ ਨਵੀਆਂ ਕਲਮਾਂ, ਨਵੀਂ ਉਡਾਣ ਮਿਸ਼ਨ ਦੇ ਤਹਿਤ ਲੁਧਿਆਣੇ ਜ਼ਿਲੇ ਬਾਲ ਕਵੀ ਹਰਮੋਹਨ ਭੱਟੀ, ਗੁਰਸਵਰਨ ਕੌਰ, ਮਨਦੀਪ ਕੌਰ, ਤਰਨਜੀਤ ਕੌਰ, ਅਰਸ਼ਦੀਪ ਕੌਰ, ਨੀਲਮ ਤੇ ਸਹਿਜ ਨੇ ਆਪਣੀਆਂ ਲਿਖੀਆਂ ਕਵਿਤਾਵਾਂ ਸ੍ਰੋਤਿਆਂ ਨਾਲ ਸਾਂਝੀਆਂ ਕੀਤੀਆਂ। ਡਾ. ਗੁਰਇਕਬਾਲ ਸਿੰਘ ਨੇ ਇਸ ਸਮੇਂ ਕਿਹਾ ਕਿ ਪਰਵਾਸੀ ਪੰਜਾਬੀ ਲੇਖਕ ਜਿਨ੍ਹਾਂ ਮੁਲਕਾਂ ਵਿਚ ਰਹਿ ਰਹੇ ਹਨ, ਵਿਚਰ ਰਹੇ ਹਨ, ਜਿਨ੍ਹਾਂ ਪ੍ਰਸਥਿਤੀਆਂ ਨਾਲ ਵਾ-ਬਾਸਤਾ ਹਨ, ਉਸਦੀ ਗੱਲ ਸਾਹਿਤ ਵਿੱਚ ਨਹੀਂ ਕਰ ਰਹੇ ਬਲਕਿ ਜਿਹੜਾ ਪੰਜਾਬ ਉਨ੍ਹਾਂ ਦੇ ਅਵਚੇਤਨ ਵਿਚ ਵੱਸਿਆ ਹੋਇਆ ਉਸ ਦੇ ਵੀ ਬਦਲਦੇ ਮੁਹਾਂਦਰੇ ਨੂੰ ਉਹ ਆਤਮਸਾਤ ਨਹੀਂ ਕਰ ਰਹੇ। ਪ੍ਰੋ. ਸ਼ਰਨਜੀਤ ਕੌਰ, ਹੈਡ, ਪੋਸਟ ਗ੍ਰੈਜੁਏਟ ਪੰਜਾਬੀ ਵਿਭਾਗ ਨੇ ਲੋਕ ਅਰਪਨ ਹੋਏ ਪਰਵਾਸ ਦੇ ਅੰਕ ਦੀ ਸਮੱਗਰੀ ਬਾਰੇ ਜਾਣਕਾਰੀ ਦਿੱਤੀ। ਪ੍ਰਿੰਸੀਪਲ ਪ੍ਰੋ. ਰਜਿੰਦਰ ਕੌਰ ਮਲਹੋਤਰਾ ਨੇ ਪ੍ਰੋਗਰਾਮ ਦੇ ਅਖੀਰ 'ਤੇ ਸਭ ਦਾ ਰਸਮੀ ਤੌਰ 'ਤੇ ਧੰਨਵਾਦ ਕੀਤਾ ਤੇ ਬਾਲ ਕਵੀਆਂ ਨੂੰ ਸ਼ੁਭ ਕਾਮਨਾਵਾਂ ਦਿੱਤੀਆਂ। ਪ੍ਰੋਗਰਾਮ ਦਾ ਸੰਚਾਲਨ ਡਾ. ਤੇਜਿੰਦਰ ਕੌਰ, ਕੋਆਰਡੀਨੇਟਰ, ਪਰਵਾਸੀ ਅਧਿਐਨ ਕੇਂਦਰ ਵੱਲੋਂ ਕੀਤਾ ਗਿਆ। ਇਸ ਮੌਕੇ ਗੁਜਰਾਂਵਾਲਾ ਖ਼ਾਲਸਾ ਐਜੂਕੇਸ਼ਨਲ ਕੌਂਸਲ ਦੇ ਆਨਰੇਰੀ ਜਨਰਲ ਸਕੱਤਰ ਸ੍ਰ. ਹਰਸ਼ਰਨ ਸਿੰਘ ਨਰੂਲਾ, ਪ੍ਰੋ. ਮਨਜੀਤ ਸਿੰਘ ਛਾਬੜਾ, ਪ੍ਰੋ.ਰਵਿੰਦਰ ਸਿੰਘ ਭੱਠਲ, ਮਨਜਿੰਦਰ ਸਿੰਘ ਧਨੋਆ, ਤ੍ਰੈਲੋਚਨ ਲੋਚੀ, ਸਹਿਜਪ੍ਰੀਤ ਸਿੰਘ ਮਾਂਗਟ, ਬਾਲ ਕਵੀਆਂ ਦੇ ਅਧਿਆਪਕ ਤੇ ਮਾਪੇ ਵੀ ਹਾਜ਼ਰ ਰਹੇ। ਬੱਚਿਆਂ ਨੂੰ ਪਰਵਾਸੀ ਕੇਂਦਰ ਵੱਲੋਂ ਸਨਮਾਨ ਚਿੰਨ ਤੇ ਪਰਵਾਸੀ ਮੈਗਜ਼ੀਨ ਦੀ ਕਾਪੀ ਦੇ ਕੇ ਸਨਮਾਨਿਤ ਕੀਤਾ ਗਿਆ।

## ਲਾਇਨ ਕਲੱਬ ਫਰੀਦਕੋਟ ਵੱਲੋਂ 54ਵੇਂ ਅੱਖਾਂ ਦੇ ਚੈੱਕਅਪ ਅਤੇ ਮੁਫਤ ਲੈਨਜ਼ ਪਾਉਣ ਦਾ ਕੈਂਪ 26 ਅਕਤੂਬਰ....ਮੋਹਿਤ ਗੁਪਤਾ

ਵਰਲਡ ਪੰਜਾਬੀ ਟਾਈਮਜ਼ ਧਰਮ ਪ੍ਰਵਾਨਾਂ




ਫਰੀਦਕੋਟ 11 ਅਕਤੂਬਰ : ਅੱਜ ਇੱਥੇ ਸਥਾਨਕ ਲਾਇਨ ਭਵਨ ਆਦਰਸ਼ ਨਗਰ ਫਰੀਦਕੋਟ ਵਿਖੇ ਲਾਇਨ ਕਲੱਬ ਫਰੀਦਕੋਟ ਦੀ ਇੱਕ ਅਹਿਮ ਮੀਟਿੰਗ ਮੋਹਿਤ ਗੁਪਤਾ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿੱਚ ਲਾਇਨ ਕਲੱਬ ਵੱਲੋ ਲਾਏ ਜਾ ਰਹੇ 54ਵੇਂ ਅੱਖਾਂ ਦੇ ਚੈੱਕ ਅਪ ਤੇ ਮੁਫਤ ਅਤੇ ਲੈਨਜ਼ ਪਾਉਣ ਦੇ ਉਪਰੇਸ਼ਨ ਕਰਨ ਹਿੱਤ ਇੱਕ ਅਹਿਮ ਮੀਟਿੰਗ ਦਾ ਆਯੋਜਨ ਕੀਤਾ ਗਿਆ। ਇੱਥੇ ਵਰਨਣਯੋਗ ਹੈ ਇਹ ਕੈਂਪ 26 ਅਕਤੂਬਰ 2025 ਨੂੰ ਸਵੇਰੇ 8.30 ਵਜੇ ਤੋ 2.00 ਵਜੇ ਤੱਕ ਲਾਇਨ ਭਵਨ ਫਰੀਦਕੋਟ ਵਿਖੇ ਲਗਾਇਆ ਜਾ ਰਿਹਾ ਹੈ। ਇਸ ਕੈਂਪ ਵਿੱਚ ਅੱਖਾਂ ਦੇ ਮਹਾਰ ਡਾ.ਅਕ੍ਰਿਤੀ ਸਿੰਗਲਾ ਪਹੁੰਚ ਰਹੇ ਹਨ ਜੋ ਮਰੀਜ਼ਾਂ ਦੀ ਅੱਖਾਂ ਦੀ ਜਾਂਚ ਕਰਨਗੇ। ਇਸ ਕੈਂਪ ਦੇ ਪ੍ਰੋਜੈਕਟ ਚੇਅਰਮੈਨ ਗੁਰਚਰਨ ਸਿੰਘ ਗਿੱਲ,ਅਮਰੀਕ ਸਿੰਘ ਖਾਲਸਾ ਕੋ-ਚੇਅਰਮੈਨ,ਲਾਇਨ ਬਿਕਰਮਜੀਤ ਸਿੰਘ ਢਿੱਲੋਂ ਸੈਕਟਰੀ,ਲਾਇਨ ਚੰਦਨ ਕੱਕੜ ਅਤੇ ਲਾਇਨ ਅਨੂਜ ਗੁਪਤਾ ਦੀ ਦੇਖਰੇਖ ਕਰਵਾਇਆ ਜਾ ਰਿਹਾ ਹੈ। ਮੀਟਿੰਗ ਦੋਰਾਨ ਨਵੇ ਮੈਂਬਰ ਪਰਮਜੀਤ ਸਿੰਘ (ਪੰਮੀ) ਪ੍ਰਾਪਰਟੀ ਸਲਾਹਕਾਰ ਦਾ ਸਵਾਗਤ ਕੀਤਾ ਤੇ ਕਲੱਬ ਦਾ ਲੈਪਲ ਪਿੰਨ ਦੇ ਕੇ ਸਨਮਾਨਿਤ ਕੀਤਾ ਇਸੇ ਮੀਟਿੰਗ ਦੌਰਾਨ ਉਹਨਾਂ ਮੈਬਰਾਂ ਨੂੰ ਵੀ ਸਨਮਾਨਿਤ ਕੀਤਾ ਗਿਆ ਜਿੰਨਾ ਦਾ ਜਨਮ ਦਿਨ ਅਕਤੂਬਰ ਮਹੀਨੇ ਵਿੱਚ ਆਉਦਾ ਹੈ ਜਿਨਾਂ ਵਿੱਚ ਜਸਵੀਰ ਸਿੰਘ ਜੱਸੀ ਉੱਘੇ ਮੰਚ ਸੰਚਾਲਨ,ਮੋਹਿਤ ਗੁਪਤਾ ਕਲੱਬ ਪ੍ਰਧਾਨ ਅਤੇ ਰਮਨ ਚਾਵਲਾ ਸਨ। ਇਸ ਮੀਟਿੰਗ ਦੌਰਾਨ ਪ੍ਰਦੁੱਮਣ ਸਿੰਘ ਖਾਲਸਾ, ਅਮਰੀਕ ਸਿੰਘ ਖਾਲਸਾ,ਚੰਦਨ ਕੱਕੜ,ਜਸਵੀਰ ਸਿੰਘ ਜੱਸੀ,ਰਾਜਨ ਨਾਗਪਾਲ,ਦਵਿੰਦਰ ਧਿੰਗੜਾ,ਇੰਜ. ਤੇਜੀ ਜੌੜਾ,ਲੁਕਿੰਦਰ ਸ਼ਰਮਾਂ,ਕੇ.ਪੀ.ਸਿੰਘ ਸਰਾਂ,ਹਰਜੀਤ ਸਿੰਘ ਲੈਕਚਰਾਰ,ਰਮਨ ਚਾਵਲਾ,ਐਡਵੋਕੇਟ ਡਾ.ਕੇ.ਸੀ.ਗੁਪਤਾ, ਗਿਰੀਸ਼ ਸੁਖੀਜਾ ਆਦਿ ਮੈਬਰਾਂ ਨੇ ਸ਼ਿਰਕਤ ਕੀਤੀ। ਅੰਤ ਵਿਚ ਸਾਰੇ ਮੈਂਬਰਾਂ ਨੇ ਮੀਟਿੰਗ ਉਪਰੰਤ ਖਾਣੇ ਦਾ ਆਨੰਦ ਮਾਣਿਆ।

## ਵਿਦਿਆਰਥੀਆਂ ਦੀ ਸ਼ਖ਼ਸੀਅਤ ਨਿਖਾਰਨ ਲਈ ਪ੍ਰਤਿਭਾ ਖੋਜ ਮੁਕਾਬਲਿਆਂ ਦਾ ਅਹਿਮ ਯੋਗਦਾਨ: ਪ੍ਰਿੰਸੀਪਲ ਡਾ. ਹਰਦੀਪ ਸਿੰਘ

### ਨਹਿਰੂ ਮੈਮੋਰੀਅਲ ਸਰਕਾਰੀ ਕਾਲਜ ਵਿਖੇ ਟੈਲੈਂਟ ਹੰਟ ਮੁਕਾਬਲਾ ਆਯੋਜਿਤ

ਵਰਲਡ ਪੰਜਾਬੀ ਟਾਈਮਜ਼



ਮਾਨਸਾ 11 ਅਕਤੂਬਰ : ਨਹਿਰੂ ਮੈਮੋਰੀਅਲ ਸਰਕਾਰੀ ਕਾਲਜ ਵਿੱਚ ਵਿਦਿਆਰਥੀਆਂ ਦੀਆਂ ਲੁਕੀਆਂ ਪ੍ਰਤਿਭਾਵਾਂ ਨੂੰ ਉਭਾਰਨ ਅਤੇ ਉਹਨਾਂ ਨੂੰ ਮੰਚ ਪ੍ਰਦਾਨ ਕਰਨ ਲਈ ਟੈਲੈਂਟ ਹੰਟ ਮੁਕਾਬਲਾ ਸ਼ਾਨਦਾਰ ਢੰਗ ਨਾਲ ਕਰਵਾਇਆ ਗਿਆ। ਪ੍ਰਿੰਸੀਪਲ ਡਾ. ਹਰਦੀਪ ਸਿੰਘ ਨੇ ਕਿਹਾ ਕਿ ਅਜਿਹੇ ਪ੍ਰਤਿਭਾ ਖੋਜ ਮੁਕਾਬਲੇ ਵਿਦਿਆਰਥੀਆਂ ਦੀ ਸ਼ਖ਼ਸੀਅਤ ਨਿਖਾਰਨ ਵਿੱਚ ਕੇਂਦਰੀ ਭੂਮਿਕਾ ਨਿਭਾਉਂਦੇ ਹਨ। ਇਹ ਵਿਦਿਆਰਥੀਆਂ ਨੂੰ ਆਪਣੇ ਅੰਦਰ ਦੀ ਕਲਾ, ਰਚਨਾਤਮਕਤਾ ਅਤੇ ਆਤਮਵਿਸ਼ਵਾਸ ਨੂੰ ਪ੍ਰਗਟ ਕਰਨ ਦਾ ਸੁਨਹਿਰਾ ਮੌਕਾ ਦਿੰਦੇ ਹਨ।
ਉਹਨਾਂ ਕਿਹਾ ਕਿ ਅਕਾਦਮਿਕ ਪੜ੍ਹਾਈ ਦੇ ਨਾਲ-ਨਾਲ ਸੱਭਿਆਚਾਰਕ ਗਤੀਵਿਧੀਆਂ ਵੀ ਵਿਦਿਆਰਥੀਆਂ ਨੂੰ ਪੂਰਨ ਵਿਅਕਤੀਤਵ ਦੇਣ ਵਿੱਚ ਮਦਦਗਾਰ ਹੁੰਦੀਆਂ ਹਨ। ਅਜਿਹੇ ਮੁਕਾਬਲੇ ਵਿਦਿਆਰਥੀਆਂ ਵਿੱਚ ਲੀਡਰਸ਼ਿਪ, ਸੰਚਾਰਕ ਹੁਨਰ, ਸਮਾਂ ਪ੍ਰਬੰਧਨ ਅਤੇ ਟੀਮਸਪਿਰਿਟ ਜਿਹੇ ਜੀਵਨ-ਮੁੱਲ ਪੈਦਾ ਕਰਦੇ ਹਨ। ਡਾ. ਹਰਦੀਪ ਸਿੰਘ ਨੇ ਇਹ ਵੀ ਕਿਹਾ ਕਿ ਕਾਲਜ ਦਾ ਮੰਤਵ ਸਿਰਫ਼ ਵਿਦਿਆਰਥੀਆਂ ਨੂੰ ਡਿਗਰੀ ਤੱਕ ਸੀਮਿਤ ਨਹੀਂ ਰੱਖਣਾ, ਸਗੋਂ ਉਹਨਾਂ ਨੂੰ ਜੀਵਨ ਦੇ ਹਰ ਖੇਤਰ ਵਿੱਚ ਸਫਲ ਬਣਾਉਣਾ ਹੈ।





ਉਹਨਾਂ ਵਿਦਿਆਰਥੀਆਂ ਨੂੰ ਪ੍ਰੇਰਿਤ ਕਰਦੇ ਹੋਏ ਕਿਹਾ ਕਿ ਹਰ ਵਿਅਕਤੀ ਅੰਦਰ ਕੋਈ ਨਾ ਕੋਈ ਵਿਲੱਖਣ ਪ੍ਰਤਿਭਾ ਹੁੰਦੀ ਹੈ, ਜਿਹਨੂੰ ਪਹਿਚਾਣ ਕੇ ਅੱਗੇ ਵਧਾਉਣਾ ਸਫਲਤਾ ਦੀ ਪਹਿਲੀ ਪੌੜੀ ਹੁੰਦੀ ਹੈ। ਡਾ. ਹਰਦੀਪ ਸਿੰਘ ਨੇ ਦਾਅਵਾ ਕੀਤਾ ਕਿ ਭਵਿੱਖ ਵਿੱਚ ਅਜਿਹੇ ਸਮਾਗਮ ਹੋਰ ਵੱਡੇ ਪੱਧਰ 'ਤੇ ਕਰਵਾਏ ਜਾਣਗੇ, ਤਾਂ ਜੋ ਕਾਲਜ ਦਾ ਮਾਨ-ਸਨਮਾਨ ਹੋਰ ਉੱਚਾਈਆਂ ਨੂੰ ਛੂਹ ਸਕੇ ਅਤੇ ਵਿਦਿਆਰਥੀ ਆਪਣੀ ਯੋਗਤਾ ਦਾ ਪ੍ਰਦਰਸ਼ਨ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਕਰ ਸਕਣ।
ਮੁਕਾਬਲਿਆਂ ਦੀ ਸ਼ੁਰੂਆਤ ਕਲਾਸੀਕਲ ਡਾਂਸ ਨਾਲ ਹੋਈ, ਜਿਸ ਨੇ ਸਾਰੇ ਹਾਜ਼ਰ ਦਰਸ਼ਕਾਂ ਦਾ ਮਨ ਮੋਹ ਲਿਆ। ਵੱਖ-ਵੱਖ ਪ੍ਰਤਿਯੋਗਿਤਾਵਾਂ ਵਿੱਚ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ। ਕਰੋਸ਼ੀਆ ਮੁਕਾਬਲੇ ਵਿੱਚ ਜਸਪ੍ਰੀਤ ਕੌਰ, ਪੀੜੀ ਬੁਣਨ ਵਿੱਚ ਸੁਖਵਿੰਦਰ ਕੌਰ, ਰੰਗੋਲੀ ਵਿੱਚ ਰੇਖਾ ਅਤੇ ਜਸ਼ਨਪ੍ਰੀਤ ਕੌਰ, ਮਿੱਟੀ ਦੇ ਖਿਡੌਣੇ ਮੁਕਾਬਲੇ ਵਿੱਚ ਜਸਵਿੰਦਰ ਕੌਰ ਅਤੇ ਜਸਪ੍ਰੀਤ ਕੌਰ ਨੇ ਮੱਲਾ ਮਾਰੀਆਂ।
ਇਸੇ ਤਰ੍ਹਾਂ ਪੋਸਟਰ ਮੇਕਿੰਗ ਮੁਕਾਬਲੇ ਵਿੱਚ ਸਾਹਿਬ ਕਵਨਪ੍ਰੀਤ ਸਿੰਘ ਭਾਟੀਆ ਤੇ ਹਰਮੀਤ ਸਿੰਘ ਨੇ ਪ੍ਰਤਿਭਾ ਦਿਖਾਈ। ਮਹਿੰਦੀ ਮੁਕਾਬਲੇ ਵਿੱਚ ਕਿਰਨਜੀਤ ਕੌਰ ਅਤੇ ਪ੍ਰਭਜੋਤ ਕੌਰ, ਗੁੱਡੀ ਬਣਾਉਣ ਵਿੱਚ ਜੋਤੀ ਕੌਰ, ਤੇ ਕਾਰਟੂਨਿੰਗ ਮੁਕਾਬਲੇ ਵਿੱਚ ਈਸ਼ਾ ਅਤੇ ਜਾਨਵੀ ਨੇ ਸਾਰਿਆਂ ਦਾ ਧਿਆਨ ਖਿੱਚਿਆ।
ਸਿਮਰਜੀਤ ਸਿੰਘ ਨੇ "ਨਾਰੀ ਸਸ਼ਕਤੀਕਰਨ" ਵਿਸ਼ੇ 'ਤੇ ਭਾਸ਼ਣ ਦਿੰਦਿਆਂ ਦਰਸ਼ਕਾਂ ਦੇ ਰੌਂਗਟੇ ਖੜੇ ਕਰ ਦਿੱਤੇ। ਉਹਨਾਂ ਨੇ ਔਰਤਾਂ ਦੀ ਸ਼ਕਤੀ, ਸਹਿਨਸ਼ੀਲਤਾ ਅਤੇ ਸਮਾਜ ਨਿਰਮਾਣ ਵਿੱਚ ਉਹਨਾਂ ਦੀ ਭੂਮਿਕਾ ਬਾਰੇ ਪ੍ਰੇਰਣਾਦਾਇਕ ਵਿਚਾਰ ਸਾਂਝੇ ਕੀਤੇ। ਇਸ ਤੋਂ ਇਲਾਵਾ ਸੁਖਪ੍ਰੀਤ ਕੌਰ ਵੱਲੋਂ "ਗੁੱਡੀ ਫੂਕਣਾ" ਨਾਮਕ ਕਵਿਤਾ ਦੀ ਪੇਸ਼ਕਾਰੀ ਕੀਤੀ ਗਈ, ਜਿਸ ਨੇ ਸਭਨਾਂ ਦਾ ਦਿਲ ਜਿੱਤ ਲਿਆ।
ਸਮਾਗਮ ਦੌਰਾਨ ਡਾ. ਸੀਮਾ ਜਿੰਦਲ ਦੁਆਰਾ ਰਚਿਤ ਪੁਸਤਕ "ਰੂਹਾਨੀ ਦਸਤਕ" ਦੀਆਂ 30 ਕਵਿਤਾਵਾਂ ਦੇ ਅੰਗਰੇਜ਼ੀ ਅਨੁਵਾਦ ਦਾ ਘੁੰਡ ਚੁਕਾਈ ਸਮਾਰੋਹ ਵੀ ਕੀਤਾ ਗਿਆ। ਉਨ੍ਹਾਂ ਦੇ ਰਚਨਾਤਮਕ ਯੋਗਦਾਨ ਦੀ ਸਰਾਹਨਾ ਕੀਤੀ ਗਈ ਤੇ ਕਾਲਜ ਪਰਿਵਾਰ ਨੇ ਉਨ੍ਹਾਂ ਨੂੰ ਵਧਾਈ ਦਿੱਤੀ।

ਮੰਚ ਸੰਚਾਲਨ ਯੂਥ ਕੋਆਰਡੀਨੇਟਰ ਡਾ. ਜਸਪ੍ਰੀਤ ਕੌਰ ਸੰਧੂ ਨੇ ਕੀਤਾ। ਉਹਨਾਂ ਕਿਹਾ ਕਿ ਵਿਦਿਆਰਥੀਆਂ ਅੰਦਰ ਬੇਅੰਤ ਪ੍ਰਤਿਭਾ ਛੁਪੀ ਹੋਈ ਹੈ, ਸਿਰਫ਼ ਮੌਕਿਆਂ ਦੀ ਲੋੜ ਹੈ। ਜੇ ਉਹਨਾਂ ਨੂੰ ਸਹੀ ਸਮੇਂ ਤੇ ਮੌਕੇ ਮਿਲ ਜਾਣ, ਤਾਂ ਉਹ ਜ਼ਿੰਦਗੀ ਵਿੱਚ ਵੱਡੀ ਸਫਲਤਾ ਪ੍ਰਾਪਤ ਕਰ ਸਕਦੇ ਹਨ।
ਡਾ. ਸੁਪਨਦੀਪ ਕੌਰ ਅਤੇ ਡਾ. ਰਵਿੰਦਰ ਸਿੰਘ ਨੇ ਕਿਹਾ ਕਿ ਨਹਿਰੂ ਕਾਲਜ ਦਾ ਹਮੇਸ਼ਾਂ ਸੱਭਿਆਚਾਰਕ ਖੇਤਰ ਵਿੱਚ ਉੱਚਾ ਨਾਮ ਰਿਹਾ ਹੈ। ਉਹਨਾਂ ਨੇ ਯਾਦਾਂ ਤਾਜ਼ਾ ਕਰਦਿਆਂ ਕਿਹਾ ਕਿ ਖੇਤਰੀ ਯੁਵਕ ਮੇਲਿਆਂ ਵਿੱਚ ਕਾਲਜ ਦੇ ਵਿਦਿਆਰਥੀਆਂ ਦੀ ਤੂਤੀ ਬੋਲਦੀ ਸੀ ਅਤੇ ਹਰ ਵਾਰ ਉਹ ਇਨਾਮ ਹਾਸਲ ਕਰਕੇ ਕਾਲਜ ਦਾ ਮਾਣ ਵਧਾਉਂਦੇ ਰਹੇ ਹਨ। ਉਹਨਾਂ ਕਿਹਾ ਕਿ ਇਸ ਕਾਲਜ ਨੇ ਕਈ ਪ੍ਰਸਿੱਧ ਕਲਾਕਾਰ, ਅਧਿਆਪਕ ਅਤੇ ਵਿਦਵਾਨ ਤਿਆਰ ਕੀਤੇ ਹਨ ਜੋ ਅੱਜ ਵੱਖ-ਵੱਖ ਖੇਤਰਾਂ ਵਿੱਚ ਆਪਣਾ ਲੋਹਾ ਮਨਵਾ ਰਹੇ ਹਨ। ਡਾ. ਰਵਿੰਦਰ ਸਿੰਘ ਨੇ ਜੋੜਿਆ ਕਿ ਕਾਲਜ ਪ੍ਰਬੰਧਨ ਦੀ ਸਕਾਰਾਤਮਕ ਸੋਚ ਤੇ ਪ੍ਰਿੰਸੀਪਲ ਡਾ. ਹਰਦੀਪ ਸਿੰਘ ਦੀ ਅਗਵਾਈ ਹੇਠ ਕਾਲਜ ਫਿਰ ਇੱਕ ਵਾਰ ਸੱਭਿਆਚਾਰਕ ਖੇਤਰ ਵਿੱਚ ਨਵੇਂ ਮਾਪਦੰਡ ਸੈੱਟ ਕਰ ਰਿਹਾ ਹੈ।
ਇਸ ਸਮਾਗਮ ਵਿੱਚ ਡਾ. ਜਸਕਰਨ ਸਿੰਘ, ਪ੍ਰੋ. ਸੁਖਦੀਪ ਸਿੰਘ, ਡਾ. ਸੀਮਾ ਜਿੰਦਲ, ਡਾ. ਅਵਿਨਾਸ਼ ਕੁਮਾਰ, ਪ੍ਰੋ. ਅੰਬੇਸ਼ ਭਾਰਦਵਾਜ, ਡਾ. ਅਜਮੀਤ ਕੌਰ, ਪ੍ਰੋ. ਕੁਲਦੀਪ ਸਿੰਘ ਢਿੱਲੋਂ, ਪ੍ਰੋ. ਜੋਤੀ, ਪ੍ਰੋ. ਬਲਜੀਤ ਸਿੰਘ, ਡਾ. ਤਨਵੀਰ ਸਿੰਘ, ਪ੍ਰੋ. ਹਰਜਿੰਦਰ ਸਿੰਘ, ਪ੍ਰੋ. ਹਰਸ਼ ਕੁਮਾਰ, ਪ੍ਰੋ. ਪ੍ਰੋ.ਸਤਵੀਰ ਕੌਰ, ਪ੍ਰੋ. ਪ੍ਰਮਜੀਤ ਕੌਰ, ਪ੍ਰੋ. ਬੇਅੰਤ ਕੌਰ, ਪ੍ਰੋ. ਸ਼ੈਰੀ, ਡਾ. ਸਿੰਪਲ ਬਾਂਸਲ, ਡਾ. ਪ੍ਰਤਿਭਾ ਜਿੰਦਲ ਅਤੇ ਡਾ. ਹਰਵਿੰਦਰ ਕੌਰ ਹਾਜ਼ਰ ਸਨ।

## ਡਰੀਮਲੈਂਡ ਪਬਲਿਕ ਸੀਨੀ. ਸੈਕੰ. ਸਕੂਲ ਵਿਖੇ ਮਹਿੰਦੀ ਮੁਕਾਬਲਾ ਕਰਵਾਇਆ ਗਿਆ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ

ਕੋਟਕਪੂਰਾ, 11 ਅਕਤੂਬਰ : ਸਥਾਨਕ ਡਰੀਮਲੈਂਡ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਵਿਖੇ ਕਰਵਾ ਚੌਥ ਦੇ ਵਰਤ ਮੌਕੇ ਮੈਡਮ ਨਵਪ੍ਰੀਤ ਸ਼ਰਮਾ ਦੀ ਅਗਵਾਈ ਹੇਠ ਮਹਿੰਦੀ ਮੁਕਾਬਲਾ ਕਰਵਾਇਆ ਗਿਆ। ਇਹ ਮੁਕਾਬਲਾ ਤਿੰਨ ਗਰੁੱਪਾਂ ਵਿੱਚ



ਕਰਵਾਇਆ ਗਿਆ। ਪਹਿਲੇ ਗਰੁੱਪ ਵਿੱਚ ਤੀਜੀ ਤੋਂ ਪੰਜਵੀਂ ਜਮਾਤ ਤੱਕ ਦੇ ਵਿਦਿਆਰਥੀ, ਦੂਜੇ ਗਰੁੱਪ ਵਿੱਚ ਛੇਵੀਂ ਤੋਂ ਅੱਠਵੀਂ ਜਮਾਤ ਦੇ ਵਿਦਿਆਰਥੀ ਅਤੇ ਤੀਜੇ ਗਰੁੱਪ ਵਿੱਚ ਨੌਵੀਂ ਤੋਂ ਬਾਰਵੀਂ ਜਮਾਤ ਦੇ ਵਿਦਿਆਰਥੀਆਂ ਨੇ ਹਿੱਸਾ ਲਿਆ। ਇਹਨਾਂ ਗਰੁੱਪਾਂ ਦੀ ਜੱਜਮੈਂਟ ਮੈਡਮ ਆਸ਼ਾ ਰਾਣੀ, ਮੈਡਮ ਨਵਰੀਤ ਕੌਰ ਅਤੇ ਮੈਡਮ ਚੰਚਲ ਲਤਾ ਨੇ ਕੀਤੀ। ਇਸ ਮੁਕਾਬਲੇ ਵਿੱਚ ਪਹਿਲੇ ਵਰਗ ਵਿੱਚੋਂ ਪੰਜਵੀਂ ਜਮਾਤ ਦੀਆਂ ਵਿਦਿਆਰਥਣਾਂ ਕੇਂਜਲ ਨੇ ਪਹਿਲਾ, ਬਰਕਤਬਾਣੀ ਨੇ ਦੂਜਾ ਅਤੇ ਹਰਮੀਤ ਕੌਰ ਨੇ ਤੀਜਾ ਸਥਾਨ, ਦੂਜੇ ਵਰਗ ਵਿੱਚੋਂ ਸੱਤਵੀਂ ਜਮਾਤ ਦੀ ਵਿਦਿਆਰਥਣ ਅਰੂਸ਼ੀ ਨੇ ਪਹਿਲਾ, ਛੇਵੀਂ ਜਮਾਤ ਦੀ ਵਿਦਿਆਰਥਣ ਗੁਰਰੀਤ ਕੌਰ ਨੇ ਦੂਜਾ ਅਤੇ ਅੱਠਵੀਂ ਜਮਾਤ ਦੀ ਵਿਦਿਆਰਥਣ ਸਿਮਰਪ੍ਰੀਤ ਕੌਰ ਨੇ ਤੀਜਾ, ਤੀਜੇ ਵਰਗ ਵਿੱਚੋਂ ਬਾਰ੍ਹਵੀਂ ਜਮਾਤ ਦੀ ਵਿਦਿਆਰਥਣ ਮੁਸਕਾਨ ਨੇ ਪਹਿਲਾ, 11ਵੀਂ ਜਮਾਤ ਦੀ ਵਿਦਿਆਰਥਣ ਖੁਸ਼ਪ੍ਰੀਤ ਕੌਰ ਨੇ ਦੂਜਾ ਅਤੇ ਨੌਵੀਂ ਜਮਾਤ ਦੀ ਵਿਦਿਆਰਥਣ ਤਕਦੀਰ ਕੌਰ ਨੇ ਤੀਜਾ ਸਥਾਨ ਹਾਸਿਲ ਕੀਤਾ। ਇਸ ਮੌਕੇ ਉਪਰੋਕਤ ਤੋਂ ਇਲਾਵਾ ਮੈਡਮ ਨਵਪ੍ਰੀਤ ਸ਼ਰਮਾ, ਮੈਡਮ ਰਾਜਵਿੰਦਰ ਕੌਰ, ਮੈਡਮ ਅਮਨਦੀਪ ਕੌਰ, ਮੈਡਮ ਨਿਸ਼ਾ ਸਿੰਗਲਾ, ਮੈਡਮ ਨਾਜ਼ੀਆ, ਮੈਡਮ ਮਹਿਕ ਸੇਠੀ, ਮੈਡਮ ਸਵੀਟੀ ਅਤੇ ਮੈਡਮ ਕੁਲਦੀਪ ਕੌਰ ਸਮੇਤ ਸਮੂਹ ਅਧਿਆਪਕ ਹਾਜ਼ਰ ਸਨ।

# ਪੰਜਾਬੀ ਗੀਤਕਾਰੀ ਦੇ ਸਿਰਮੌਰ ਬੁਰਜ: ਬਾਬੂ ਸਿੰਘ ਮਾਨ ਦਾ ਅੱਜ ਜਨਮ ਦਿਨ ਹੈ ਦੋਸਤੋ

ਪੰਜਾਬੀ ਗੀਤਕਾਰੀ ਵਿੱਚ ਸ. ਬਾਬੂ ਸਿੰਘ ਮਾਨ ਦਾ ਨਾਂ ਬਹੁਤ ਉਚੇਰਾ ਹੈ। ਅਦਬੀ ਮਹੱਤਵ ਵਾਲੇ ਗੀਤਾਂ ਦੀ ਥਾਂ ਉਨ੍ਹਾਂ ਦੇ ਪ੍ਰਚੱਲਤ ਤੇ ਲੋਕ ਪ੍ਰਵਾਨ ਗੀਤ ਵਧੇਰੇ ਸਾਹਮਣੇ ਆਏ ਹਨ।

ਮੁਹਾਵਰੇਦਾਰ ਪੰਜਾਬੀ ਗੀਤਕਾਰੀ ਵਿੱਚ ਉਹ ਗੁਰਦੇਵ ਸਿੰਘ ਮਾਨ ਤੇ ਦੀਦਾਰ ਸੰਧੂ ਵਾਂਗ ਪੰਜਾਬ ਦੇ ਪੇਂਡੂ ਮੁਹਾਵਰੇ ਦੇ ਸਫ਼ਲ ਪੇਸ਼ਕਾਰ ਹਨ। ਮੇਰੀ ਉਮਰ ਤੋਂ ਲੈ ਕੇ ਹੁਣ ਤੀਕ ਦੇ ਗੱਭਰੂਆਂ ਨੂੰ ਉਹ ਪਿਛਲੇ ਸੱਠ ਸਾਲ ਤੋਂ ਲੋਕ ਗੀਤਾਂ ਵਰਗੇ ਗੀਤ ਲਿਖ ਲਿਖ ਜਵਾਨ ਰੱਖਦੇ ਰਹੇ ਹਨ।

ਬਾਬੂ ਸਿੰਘ ਮਾਨ ਨੂੰ ਔਖੀ ਸ਼ਬਦਾਵਲੀ ਵਾਲੀ ਕਵਿਤਾ ਦੀ ਜਿੱਲ੍ਹਣ ਚੋਂ ਕੱਢ ਕੇ ਲੋਕ ਸੰਗੀਤ ਦੇ ਅੰਬਰ ਵਿੱਚ ਤਾਰੀਆਂ ਲਾਉਣ ਦੇ ਰਾਹ ਪਾਉਣ ਵਾਲੇ ਪ੍ਰਸਿੱਧ ਪੰਜਾਬੀ ਨਾਵਲਕਾਰ ਤੇ ਬਰਜਿੰਦਰਾ ਕਾਲਿਜ ਫ਼ਰੀਦਕੋਟ ਵਿੱਚ ਸ. ਬਾਬੂ ਸਿੰਘ ਮਾਨ ਦੇ ਅੰਗਰੇਜ਼ੀ ਅਧਿਆਪਕ ਪ੍ਰੋ. ਸੁਰਿੰਦਰ ਸਿੰਘ ਨਰੂਲਾ ਸਨ। ਉਨ੍ਹਾਂ ਹੀ ਮਾਨ ਸਾਹਿਬ ਨੂੰ ਪ੍ਰੇਰਿਆ ਕਿ ਜੇ ਤੁਸੀਂ ਪੇਂਡੂ ਮੁੰਡੇ ਵੀ ਪੰਡਤਾਊ ਕਿਤਾਬੀ ਕਵਿਤਾ ਲਿਖਣ ਲੱਗ ਪਏ ਤਾਂ ਪਿੰਡ ਦੀ ਜ਼ਬਾਨ ਕੌਣ ਸੰਭਾਲੇਗਾ।

10 ਅਕਤੂਬਰ 1942 ਨੂੰ ਫ਼ਰੀਦਕੋਟ ਜ਼ਿਲ੍ਹੇ ਦੇ ਪਿੰਡ ਮਰ੍ਹਾੜ ਵਿੱਚ ਸ. ਇੰਦਰ ਸਿੰਘ ਤੇ ਮਾਤਾ ਜੀ ਆਸ ਕੌਰ ਦੇ ਘਰ ਪੈਦਾ ਹੋਏ ਬਾਬੂ ਸਿੰਘ ਮਾਨ ਨੇ ਨੇੜਲੇ ਪਿੰਡ ਜੰਡ ਸਾਹਿਬ ਤੋਂ ਮੁੱਢਲੀ ਸਿੱਖਿਆ ਹਾਸਲ ਕਰਕੇ ਉਚੇਰੀ ਸਿੱਖਿਆ ਬਰਜਿੰਦਰਾ ਕਾਲਿਜ ਫ਼ਰੀਦਕੋਟ ਤੋਂ ਹਾਸਲ ਕੀਤੀ।

ਕਰਤਾਰ ਸਿੰਘ ਬਲੱਗਣ ਦੇ ਸਾਹਿੱਤਕ ਮੈਗਜ਼ੀਨ "ਕਵਿਤਾ" ਵਿੱਚ ਬਾਬੂ ਸਿੰਘ ਮਾਨ ਦਾ ਪਹਿਲਾ ਗੀਤ" ਦੁੱਧ ਕਾੜ੍ਹ ਕੇ ਜਾਗ ਨਾ ਲਾਵਾਂ, ਤੇਰੀਆਂ ਉਡੀਕਾਂ ਹਾਣੀਆਂ " ਛਪਿਆ। ਉਨ੍ਹਾਂ ਦਾ ਪਹਿਲਾ ਗੀਤ ਸੰਗ੍ਰਹਿ " ਗੀਤਾਂ ਦਾ ਵਣਜਾਰਾ " 1963 ਵਿੱਚ ਛਪਿਆ।

ਹੁਣ ਤੀਕ ਪੁਸਤਕਾਂ,ਰੀਕਾਰਡਜ਼, ਸੀ ਡੀਜ਼ ਤੇ ਹੋਰ ਮਾਧਿਅਮਾਂ ਵਿੱਚ ਆਪ ਦੇ ਹਜ਼ਾਰਾਂ ਗੀਤ ਰੀਕਾਰਡ ਹੋ ਚੁਕੇ ਹਨ। ਪੰਜਾਬੀ ਫ਼ਿਲਮ ਸਾਜ਼ ਤੇ ਕਹਾਣੀਕਾਰ ਵਜੋਂ ਵੀ ਆਪ ਨੇ ਮਹੱਤਵਪੂਰਨ ਪਛਾਣ ਬਣਾਈ ਹੈ।

ਸ. ਬਾਬੂ ਸਿੰਘ ਮਾਨ ਨੂੰ ਇਸ ਗੱਲ ਦਾ ਬਹੁਤ ਹਿਰਖ ਹੈ ਕਿ ਉਨ੍ਹਾਂ ਦੇ ਗੀਤਾਂ ਦੇ ਸ਼ਬਦਾਂ ਨਾਲ ਅਰਥੋਂ ਅਨਰਥ ਕਈ ਲੋਕ ਗੀਤ ਦਾ ਹੁਲੀਆ ਤੇ ਅਰਥ ਵਿਗਾੜ ਦੇਂਦੇ ਹਨ। ਉਨ੍ਹਾਂ ਦਾ ਬਹੁਤ ਹੀ ਖ਼ੂਬਸੂਰਤ ਗੀਤ ਹੈ,-

ਪਿੱਛੇ ਪਿੱਛੇ ਆਉਂਦਾ ਮੇਰੀ ਪੈੜ ਵੇਂਹਦਾ ਆਈਂ,
ਚੀਰੇ ਵਾਲਿਆ ਢੂੰਡ ਕੇ ਲਿਆਈਂ ਵੇ।
ਮੇਰਾ ਲੌਂਗ ਗੁਆਚਾ, ਨਿਗ੍ਹਾ ਮਾਹਦਾ ਆਈਂ ਵੇ।

ਇਸ ਗੀਤ ਨੂੰ ਪਾਕਿਸਤਾਨ ਮੂਲ ਦੀ ਵਲਾਇਤ ਵੱਸਦੀ ਗਾਇਕਾ ਮੁਸੱਰਤ ਨਜ਼ੀਰ ਨੇ ਇੰਜ ਗਾ ਕੇ ਸਦਾ ਲਈ ਸਰੋਤੇ ਕੁਰਾਹੇ ਪਾ ਦਿੱਤੇ।

ਪਿੱਛੇ ਪਿੱਛੇ ਆਉਂਦਾ ਮੇਰੀ ਚਾਲ ਵੇਂਹਦਾ ਆਈਂ,
ਚੀਰੇ ਵਾਲਿਆ ਢੂੰਡ ਕੇ ਲਿਆਈਂ ਵੇ।
ਮੇਰਾ ਲੌਂਗ ਗਵਾਚਾ ਨਿਗ੍ਹਾ ਮਾਰਦਾ ਆਈਂ ਵੇ।

ਮਾਨ ਸਾਹਿਬ ਪੁੱਛਦੇ ਹਨ ਕਿ ਭਾਈ ਬੀਬੀ! "ਪੈੜ"ਵੇਖਿਆਂ ਤਾਂ ਲੌਂਗ ਲੱਭ ਸਕਦੈ ਪਰ "ਚਾਲ" ਵੇਖਿਆਂ ਕਿਵੇਂ ਲੱਭੂ?

ਸ. ਬਾਬੂ ਸਿੰਘ ਮਾਨ ਇਸ ਵਕਤ ਮੋਹਾਲੀ ਤੇ ਆਪਣੇ ਜੱਦੀ ਪਿੰਡ ਵਿੱਚ ਆਪਣੇ ਪਰਿਵਾਰ ਨਾਲ ਵਧੇਰਾ ਵਕਤ ਗੁਜ਼ਾਰਦੇ ਹਨ। ਮੇਰੇ ਵਰਗੇ ਅਨੇਕਾਂ ਲਿਖਣ ਵਾਲਿਆਂ ਲਈ ਉਹ ਜ਼ਬਾਨ ਦਾਨੀ ਪੱਖੋਂ ਰੌਸ਼ਨ ਮੀਨਾਰ ਹਨ। ਲੰਮੀ ਤੇ ਸਿਹਤਯਾਬ ਉਮਰ ਦੀ ਅਰਦਾਸ ਹੈ। ਉਨ੍ਹਾਂ ਦੇ ਲਿਖੇ ਮੇਰੇ ਮਨ ਪਸੰਦ ਕੁਝ ਗੀਤ ਤੁਹਾਡਾ ਲਈ ਹਾਜ਼ਰ ਨੇ।

## ਮੈਂ ਪੰਜਾਬ ਬੋਲਦਾ ਹਾਂ

ਬਾਬੂ ਸਿੰਘ ਮਾਨ

ਹਿੰਦੂ ਮੁਸਲਿਮ ਸਿੰਘ ਸਰਦਾਰੋ
ਭੈਣ ਭਰਾਵੋ ਬਰਖੁਰਦਾਰੋ
ਮੇਰੀ ਸੁਣੋ ਕਹਾਣੀ ਯਾਰੋ
ਮੈਂ ਪੰਜਾਬ ਬੋਲਦਾ ਹਾਂ
ਮੇਰੀ ਗਹੁ ਨਾਲ ਗੱਲ ਵਿਚਾਰੋ
ਮੈਂ ਪੰਜਾਬ ਬੋਲਦਾ ਹਾਂ

ਇੱਕ ਵਾਰੀ ਮੈਂ ਉੱਨੀ ਸੌ ਸੰਤਾਲੀ ਵਿੱਚ ਸਾਂ ਰੋਇਆ
ਦੂਜੀ ਵਾਰੀ ਫੇਰ ਜਦੋਂ ਮੇਰੀ ਹੋਂਦ ਤੇ ਹਮਲਾ ਹੋਇਆ
ਤੀਜੀ ਵਾਰੀ ਅਖ਼ਬਾਰਾਂ ਵਿੱਚ ਪੜ੍ਹ ਪੜ੍ਹ ਅੱਖੀਆਂ ਰੋਈਆਂ
ਕਿੰਨੇ ਪੁੱਤ ਮਰੇ ਅੱਜ ਕਿੰਨੀਆਂ ਧੀਆਂ ਵਿਧਵਾ ਹੋਈਆਂ
ਪਹਿਲਾਂ ਚੀਰ ਦਿੱਤੇ ਪੰਜ-ਪਾਣੀ
ਦੂਜੀ ਵਾਰ ਹੋਈ ਵੰਡ ਕਾਣੀ
ਮੇਰੀ ਪੀੜ ਕਿਸੇ ਨਾ ਜਾਣੀ
ਮੈਂ ਪੰਜਾਬ ਬੋਲਦਾ ਹਾਂ
ਦਿਲ ਵਿਚ ਦਰਦ ਅੱਖਾਂ ਵਿੱਚ ਪਾਣੀ
ਮੈਂ ਪੰਜਾਬ ਬੋਲਦਾ ਹਾਂ

ਭਾਰਤ ਮਾਂ ਦੀ ਖੜਗ-ਭੁਜਾ ਹਾਂ ਜਾਣੇ ਕੁੱਲ ਲੋਕਾਈ
ਪਰ ਇਹ ਵਤਨ-ਪ੍ਰਸਤੀ ਮੇਰੀ ਕੰਮ ਕਿਸੇ ਨਾ ਆਈ
ਵੱਡੇ ਵੱਡੇ ਨਿੱਤ ਦਾਅਵੇ ਕਰਦੇ ਦੇਸ਼ ਦੇ ਭਾਗ ਵਿਧਾਤੇ
ਐਧਰ ਆਤਮ-ਹੱਤਿਆ ਕਰ ਕਰ ਮਰੀ ਜਾਣ ਅੰਨਦਾਤੇ
ਹੋਈਆਂ ਖ਼ਤਮ ਕੀਮਤੀ ਜਾਨਾਂ
ਯਾਰ ਮਰਾੜ੍ਹਾਂ ਵਾਲਿਆ ਮਾਨਾਂ
ਮੇਰਾ ਕੌਣ ਸੁਣੂ ਅਫਸਾਨਾ
ਮੈਂ ਪੰਜਾਬ ਬੋਲਦਾ ਹਾਂ
ਭਾਰਤ ਮਾਂ ਦਾ ਪੁੱਤ ਬੇਗਾਨਾ
ਮੈਂ ਪੰਜਾਬ ਬੋਲਦਾ ਹਾਂ

ਪੀਰ ਪੈਗੰਬਰ ਰਿਸ਼ੀ ਮੁਨੀ ਅਵਤਾਰਾਂ ਦੀ ਇਹ ਧਰਤੀ
ਹਿੰਦੂ, ਮੁਸਲਿਮ, ਯੋਧੇ ਸਿੰਘ ਸਰਦਾਰਾਂ ਦੀ ਇਹ ਧਰਤੀ
ਕਹਿੰਦੇ ਜਿਹੜੀ ਕੌਮ ਆਪਣੇ ਵਿਰਸੇ ਨੂੰ ਭੁੱਲ ਜਾਂਦੀ
ਇੱਜ਼ਤ ਅਣਖ ਆਬਰੂ ਉਹਦੀ ਮਿੱਟੀ ਵਿਚ ਰੁਲ ਜਾਂਦੀ
ਮੇਰੇ ਗੱਭਰੂ ਛੈਲ-ਛਬੀਲੇ
ਯੋਧੇ ਸੂਰਬੀਰ ਅਣਖੀਲੇ
ਵੇਖੋ ਨਸ਼ਿਆਂ ਕਰੇ ਨਸ਼ੀਲੇ
ਮੈਂ ਪੰਜਾਬ ਬੋਲਦਾ ਹਾਂ
ਸਾਰੇ ਸੁੱਕ ਸੁੱਕ ਹੋਏ ਤੀਲੇ
ਮੈਂ ਪੰਜਾਬ ਬੋਲਦਾ ਹਾਂ

ਇਹ ਪੰਜਾਬ ਦੀ ਨਵੀਂ ਜਵਾਨੀ ਵਹਿਣ ਕਿਹੜੇ ਵਿੱਚ ਵਹਿ ਗਈ
ਨਾ ਕੋਈ ਲੱਜਿਆ ਨਾ ਮਰਯਾਦਾ ਸ਼ਰਮ ਹਯਾ ਨਾ ਰਹਿ ਗਈ
ਸਾਂਝਾ ਸਭਿਆਚਾਰ ਸੀ ਸਾਡਾ ਸਾਂਝੀਆਂ ਧੀਆਂ ਭੈਣਾਂ
ਜੇਕਰ ਸ਼ਰਮ ਹਯਾ ਨਹੀਂ ਫਿਰ ਅਸੀਂ ਜੀ ਕੇ ਵੀ ਕੀ ਲੈਣਾ
ਮੈਨੂੰ ਸਮਝ ਕੋਈ ਨਾ ਆਏ
ਮੇਰੀ ਅੰਦਰੋਂ ਰੂਹ ਕੁਰਲਾਏ
ਕੋਈ ਜਵਾਨੀ ਨੂੰ ਸਮਝਾਏ
ਮੈਂ ਪੰਜਾਬ ਬੋਲਦਾ ਹਾਂ
ਕਿਧਰੋਂ ਤੁਰੀ ਕਿਧਰ ਨੂੰ ਜਾਏ
ਮੈਂ ਪੰਜਾਬ ਬੋਲਦਾ ਹਾਂ।

## ਵੇ ਪੁੰਨਣਾ

ਵੇ ਪੁੰਨਣਾ, ਵੇ ਜ਼ਾਲਮਾ
ਮੇਰੇ ਦਿਲਾਂ ਦਿਆ ਮਹਿਰਮਾ
ਵੇ ਮਹਿਰਮਾਂ, ਵੇ ਬੱਦਲਾ
ਕਿੰਨਾ ਚਿਰ ਹੋਰ ਤੇਰੀ ਛਾਂ

ਕਹਿਰ ਦੀ ਦੁਪੈਹਰ ਭੈੜੀ ਮੌਤ ਨਾਲੋਂ ਚੁੱਪ
ਹੋਇਆ ਟਿੱਬਿਆਂ ਦਾ ਭੂਰਾ ਭੂਰਾ ਰੰਗ ਵੇ
ਦਾ ਸ਼ਾਲਾ ! ਡੁੱਬ ਜਾਣ ਤੇਰੀ ਬੇੜੀ ਦੇ ਮੁਹਾਣੇ
ਗਿਉਂ ਅੱਗ ਦੇ ਸਮੁੰਦਰਾਂ ਨੂੰ ਲੰਘ ਵੇ
ਕੱਚਾ ਘੜਾ ਜ਼ਿੰਦਗੀ ਦਾ ਲੋਕਾਂ ਦੇ ਤੂਫਾਨ
ਠਾਠਾਂ ਮਾਰੇ ਬਾਲੂ ਰੇਤ ਦਾ ਝਨਾਂਅ...
ਵੇ ਪੁੰਨਣਾਂ...

ਮਲ੍ਹਿਆਂ ਕਰੀਰਾਂ ਗਲ ਲੱਗ ਲੱਗ ਰੁੰਨੀ
ਤਿੱਖੇ ਕੰਡਿਆਂ ਨੇ ਪੁੱਛਿਆ ਸਰੀਰ ਨੂੰ
ਆਪਣੇ ਹੀ ਜਦੋਂ ਮੁੱਖ ਫੇਰ ਜਾਣ ਦੱਸ
ਕੀ ਮਨਾਵਾਂ ਰੁੱਸੀ ਹੋਈ ਤਕਦੀਰ ਨੂੰ
ਮਿਟ ਚੱਲੇ ਡਾਚੀ ਦੀਆਂ ਪੈੜਾਂ ਦੇ ਨਿਸ਼ਾਨ
ਕੱਕੇ ਰੇਤਿਆਂ ਨੂੰ ਚੁੰਮਦੀ ਫਿਰਾਂ...
ਵੇ ਪੁੰਨਣਾਂ...

ਫਿਰਦੀ ਭਟਕਦੀ ਉਜਾੜਾਂ 'ਚ ਇਕੱਲੀ
ਜਿਵੇਂ ਦੋਜ਼ਕਾਂ 'ਚ ਰਿਸ਼ੀਆਂ ਦੀ ਆਤਮਾ
ਸੁੱਤਿਆਂ ਯਸ਼ੋਧਰਾ ਨੂੰ ਛੱਡ ਜਾਣ ਵਾਲਿਆ
ਵੇ ਧੰਨ ਤੇਰਾ ਜਿਗਰਾ ਮਹਾਤਮਾ
ਹੰਝੂਆਂ ਦੀ ਆਰਤੀ ਉਤਾਰਾਂ ਡਾਚੀ ਵਾਲਿਆ
ਮੈਂ ਹਾਉਕਿਆਂ ਦਾ ਜਾਪ ਕਰਾਂ...
ਵੇ ਪੁੰਨਣਾਂ...

ਮਹਿੰਦੀ ਰੰਗੇ ਪੈਰਾਂ ਵਿਚੋਂ ਰਿਸਦਾ ਏ ਖ਼ੂਨ
ਮੋਹਰਾਂ ਰੱਤੀਆਂ ਥਲਾਂ ਦੇ ਵਿਚ ਲੱਗੀਆਂ
ਹੰਭ ਗਏ ਵਰੋਲੇ ਪਰ ਮਿਟੇ ਨਾ ਕਲੰਕ
ਲੱਖਾਂ ਪੌਣਾਂ ਕਹਿਰਵਾਨ ਹੋ ਹੋ ਵੱਗੀਆਂ
ਠਹਿਰ ਜ਼ਰਾ ਮੌਤੇ ਪੁੱਜ ਲੈਣ ਤਾਂ ਦੇ ਪਾਪਣੇ ਨੀ
ਚੰਦਰੇ ਬਲੋਚ ਦੇ ਗਿਰਾਂ ...
ਵੇ ਪੁੰਨਣਾਂ...

## ਮਾਂ ਦੀ ਬੋਲੀ




ਮੈਂ ਪੰਜਾਬੀ ਗੁਰੂਆਂ ਪੀਰਾਂ ਅਵਤਾਰਾਂ ਦੀ ਬੋਲੀ
ਮਾਂ ਦੀ ਮਮਤਾ ਵਰਗੀ ਮਿੱਠੀ
ਦੁੱਧ ਵਿੱਚ ਮਿਸ਼ਰੀ ਘੋਲੀ
ਰੱਜ ਰੱਜ ਲਾਡ ਲਡਾਇਆ ਤੈਨੂੰ
ਲੋਰੀਆਂ ਨਾਲ ਖਿਡਾਇਆ ਤੈਨੂੰ
ਮੈਂ ਹੀ ਬੋਲਣ ਲਾਇਆ ਤੈਨੂੰ
ਭੁੱਲ ਗਿਉਂ ਮੇਰਾ ਪਿਆਰ
ਵੇ ਮੈਂ ਤੇਰੀ ਮਾਂ ਦੀ ਬੋਲੀ ਹਾਂ
ਮੈਨੂੰ ਇਉਂ ਨਾ ਮਨੋਂ ਵਿਸਾਰ
ਵੇ ਮੈਂ ਤੇਰੀ ਮਾਂ ਦੀ ਬੋਲੀ ਹਾਂ

ਦੁਨੀਆਂ ਵਾਲੇ ਕਹਿੰਦੇ ਸਨ ਮੈਨੂੰ
ਪੰਜ ਨਦੀਆਂ ਦੀ ਰਾਣੀ
ਪਾਣੀ ਵਿੱਚ ਲਾਕੀਰਾਂ ਵਾਹ ਕੇ
ਚੀਰ ਦਿੱਤੇ ਗਏ ਪਾਣੀ
ਖਿੰਡ ਗਏ ਮੋਤੀ ਮੈਂ ਤੱਤੜੀ ਦੇ
ਟੁੱਟ ਗਿਆ ਰਾਣੀ ਹਾਰ...
ਵੇ ਮੈਂ ਤੇਰੀ...

ਕਲਮ ਤੇਰੀ ਤੋਂ ਏ. ਬੀ. ਸੀ. ਨੇ
ਖੋਹ ਲਿਆ ਊੜਾ ਐੜਾ
ਸੁਣ ਪੁੱਤਰਾ ਮੇਰੇ ਦਿਲ 'ਚੋਂ ਨਿਕਲਿਆ
ਹਾਉਕੇ ਵਰਗਾ ਹਾੜ੍ਹਾ
ਕਈ ਵਰ੍ਹਿਆਂ ਤੋਂ ਵਿਲਕ ਰਹੀ
ਮਾਂ ਖੜ੍ਹੀ ਦਫਤਰੋਂ ਬਾਹਰ
ਵੇ ਮੈਂ ਤੇਰੀ...

ਜੰਮੇ-ਜਾਏ ਗੋਦ ਖਿਡਾਏ।
ਰੀਝਾਂ ਨਾਲ ਪੜ੍ਹਾਏ।
ਜਿਉਂ ਜਿਉਂ ਵੱਡੇ ਬਣਦੇ ਗਏ।
ਮੈਥੋਂ ਹੁੰਦੇ ਗਏ ਪਰਾਏ।
ਵੇ 'ਮਾਨਾਂ' ਨਾ ਹੋਈਂ ਬੇਗਾਨਾ
ਤੂੰ ਤੇ ਸੋਚ ਵਿਚਾਰ
ਵੇ ਮੈਂ ਤੇਰੀ ਮਾਂ ਦੀ ਬੋਲੀ ਹਾਂ

## ਬੁੱਝ ਮੇਰੀ ਮੁੱਠੀ ਵਿੱਚ

ਮੇਰੀਏ ਨੀ ਮਾਏ
ਮੇਰੇ ਮਨ ਦੀਏ ਮਹਿਰਮੇ ਨੀ
ਬੁੱਝ ਮੇਰੀ ਮੁੱਠੀ ਵਿੱਚ ਕੀ

ਹੁਣ ਮੈਨੂੰ ਗੁੱਡੀਆਂ ਪਟੋਲਿਆਂ ਦੀ ਖੇਡ ਉੱਤੇ
ਕਦੇ ਕਦੇ ਹਾਸਾ ਜਿਹਾ ਆਏ
ਚੌਦਾਂ ਦਿਨ ਹੋਏ ਪੂਰੇ, ਚੰਦ ਦੇ ਆਕਾਰ ਨੂੰ ਮੈਂ
ਨਿੱਤ ਵਿੰਹਦੀ ਰਹਿਨੀ ਆਂ ਨੀ ਮਾਏ
ਚਿੱਤ ਕਰੇ ਰਿਸ਼ਮਾ ਦੇ ਨੂਰ ਦਾ ਸੁਨੈਹਰੀ ਕਾਸਾ
ਡੀਕ ਲਾ ਕੇ ਜਾਵਾਂ ਸਾਰਾ ਪੀ
ਬੁੱਝ ਮੇਰੀ ਮੁੱਠੀ ਵਿੱਚ ਕੀ...

ਨਿੱਕੇ ਜੇਹੇ ਮੂੰਹ 'ਚੋ ਪਹਾੜ ਜਿੱਡੀ ਗੱਲ
ਤੈਥੋਂ ਦੱਸ ਮਾਏ ਪੁੱਛਾਂ ਕਿ ਮੈਂ ਨਾ
ਫੇਰ ਕੀ ਤੂੰ ਦੇਵੇਂਗੀ ਜਵਾਬ ਮਾਏ ਮੇਰੀਏ ਨੀ
ਜੇ ਮੈਂ ਭਲਾ ਪੁੱਛ ਵੀ ਲਵਾਂ
ਗਿੱਠ ਗਿੱਠ ਲਾਲੀਆਂ ਕੁਆਰੇ ਅੰਗਾਂ ਉੱਤੇ ਆਈਆਂ
ਕੋਠੇ ਜਿੱਡੀ ਹੋਈ ਤੇਰੀ ਧੀ
ਬੁੱਝ ਮੇਰੀ ਮੁੱਠੀ ਵਿੱਚ ਕੀ...

ਕੂਲੇ ਕੂਲੇ ਸੁੱਚੇ ਸੁੱਚੇ ਮਹਿਕ-ਭਿੰਨੇ ਖਿਆਲ
ਮੇਰੇ ਸਿਰ ਉੱਤੇ ਹੋਏ ਅਸਵਾਰ
ਅੱਸੂ ਦੇ ਮਹੀਨੇ ਜਿਵੇਂ ਬਾਜਰੇ ਦੇ ਸਿੱਟਿਆਂ ਤੇ
ਹਰੇ ਹਰੇ ਤੋਤਿਆਂ ਦੀ ਡਾਰ
ਮਿੱਠੀ ਮਿੱਠੀ ਨਿੱਘੀ ਨਿੱਘੀ ਅੱਸੂ ਦੀ ਦੁਪੈਹਰ ਵਿੱਚ
ਉਡੂੰ ਉਡੂੰ ਕਰੇ ਮੇਰਾ ਜੀ
ਬੁੱਝ ਮੇਰੀ ਮੁੱਠੀ ਵਿੱਚ ਕੀ...

ਚਿੱਟੀ ਚਿੱਟੀ ਪੱਗ ਮੇਰੇ ਬਾਬਲੇ ਦੇ ਸਿਰ ਉੱਤੇ
ਜੁੱਗ ਜੁੱਗ ਜੀਣ ਮੇਰੇ ਵੀਰ
ਮਾਏ ਤੇਰੇ ਮੱਥੇ ਦੀ ਤਿਉੜੀ ਵੇਖ ਵੇਖ
ਮੇਰਾ ਪਾਣੀ ਪਾਣੀ ਹੋ ਗਿਆ ਸਰੀਰ
ਵਾਸਤਾ ਈ ਮਾਏ ਸਾਡਾ ਸੁੱਚੀਆਂ ਸੁਗੰਧੀਆਂ ਦਾ
ਕਲੀਆਂ ਦੇ ਬੁੱਲ੍ਹਾਂ ਨੂੰ ਨਾ ਸੀ
ਬੁੱਝ ਮੇਰੀ ਮੁੱਠੀ ਵਿੱਚ ਕੀ..

## ਟੈਲੀਫ਼ੂਨ ਲੱਗਿਆ

ਤੁਸੀਂ ਚਿੱਠੀਆਂ ਪੌਣੀਆਂ ਭੁੱਲ ਗਏ
ਜਦੋਂ ਦਾ ਟੈਲੀਫ਼ੂਨ ਲੱਗਿਆ
ਲਾ ਕੇ ਲੱਗੀਆਂ ਨਿਭਾਉਣੀਆਂ ਭੁੱਲ ਗਏ
ਜਦੋਂ ਦਾ ਟੈਲੀਫ਼ੂਨ ਲੱਗਿਆ

ਇੱਕ ਇੱਕ ਚਿੱਠੀ ਨੂੰ ਅਨੇਕ ਵਾਰ ਵਾਚਣਾ
ਫੇਰ ਇਕ ਦੂਜੇ ਦੇ ਖ਼ਿਆਲਾਂ 'ਚ ਗੁਆਚਣਾ
ਕਿੱਥੇ ਮੁਲਾਕਾਤਾਂ ਦੀਆਂ ਮਹਿੰਗੀਆਂ ਸੁਗਾਤਾਂ
ਛੱਲੇ ਮੁੰਦੀਆਂ ਵਟਾਉਣੀਆਂ ਭੁੱਲ ਗਏ
ਜਦੋਂ ਦਾ ਟੈਲੀਫ਼ੂਨ ਲੱਗਿਆ...

ਤੇਰਾ ਨਾਮ ਲਿਖ ਕੇ ਪਤੰਗ ਮੈਂ ਉਡਾਇਆ ਸੀ
ਤੂੰ ਵੀ ਦੂਰੋਂ ਵੇਖ ਕੇ ਅੰਦਾਜਾ ਬੜਾ ਲਾਇਆ ਸੀ
ਮਾਰ ਮਾਰ ਤੁਣਕੇ ਲੜਾਉਣੇ ਪੇਚੇ ਪਾਉਣੇ
ਗੁੱਡੇ ਗੁੱਡੀਆਂ ਉਡਾਉਣੀਆਂ ਭੁੱਲ ਗਏ
ਜਦੋਂ ਦਾ ਟੈਲੀਫ਼ੂਨ ਲੱਗਿਆ...

ਅੱਖਾਂ ਅੱਗੇ ਰਹਿਣਾ ਹੋਣਾ ਇਕ ਪਲ ਦੂਰ ਨੀ
ਟੈਲੀਫ਼ੂਨ ਮਾਰਕਾ ਰੋਮਾਂਸ ਮਨਜ਼ੂਰ ਨੀ
ਇਕ ਰੁੱਸ ਜਾਣਾ ਦੂਜੇ ਰੁੱਸੇ ਨੂੰ ਮਨਾਣਾ
ਗੱਲਾਂ ਰੁੱਸਕੇ ਮੰਨਾਉਣੀਆਂ ਭੁੱਲ ਗਏ
ਜਦੋਂ ਦਾ ਟੈਲੀਫ਼ੂਨ ਲੱਗਿਆ...

ਆਸ਼ਕ ਮਾਸ਼ੂਕ ਜਿਹੜੇ ਸਮੇਂ ਦੇ ਪਾਬੰਦ ਨਈਂ
ਅੱਜ ਕਲ ਬਹੁਤੀ ਦੇਰ ਚਲਦੇ ਸਬੰਧ ਨਈਂ
ਵਿੰਹਦੇ ਰਹਿੰਦੇ ਹੀਰ ਕਦੋਂ ਰੋਟੀ ਲੈ ਕੇ ਆਵੇ
ਰਾਂਝੇ ਮੱਝੀਆਂ ਚਰਾਉਣੀਆਂ ਭੁੱਲ ਗਏ
ਜਦੋਂ ਦਾ ਟੈਲੀਫ਼ੂਨ ਲੱਗਿਆ...

## ਗੱਲ ਮੁੱਕੀ ਨਾ

ਗੱਲ ਮੁੱਕੀ ਨਾ ਸੱਜਣ ਨਾਲ ਮੇਰੀ
ਰੱਬਾ ਵੇ ਤੇਰੀ ਰਾਤ ਮੁੱਕ ਗਈ
ਕੀ ਕਰਨੀ ਖੁਦਾਈ ਅਸੀਂ ਤੇਰੀ
ਰੱਬਾ ਵੇ ਤੇਰੀ ਰਾਤ ਮੁੱਕ ਗਈ

ਤੇਰਾ ਕੀ ਸੀ ਜਾਂਦਾ ਸਾਡਾ ਲੱਥ ਜਾਂਦਾ ਚਾਅ ਵੇ
ਅੱਜ ਦੀ ਜੇ ਰਾਤ ਦੇਂਦਾ ਥੋੜੀ ਜਿਹੀ ਵਧਾ ਵੇ
ਤੈਥੋਂ ਨਿੱਕੀ ਜਿੰਨੀ ਹੋਈ ਨਾ ਦਲੇਰੀ
ਰੱਬਾ ਵੇ ਤੇਰੀ ਰਾਤ ਮੁੱਕ ਗਈ
ਗੱਲ ਮੁੱਕੀ ਨਾ...

ਪਹਿਲਾਂ ਜਿਹੜੀ ਹੁੰਦੀ ਸੀ ਪਹਾੜ ਜਿੱਡੀ ਰਾਤ ਵੇ
ਪਲਾਂ ਵਿੱਚ ਬੀਤੀ ਜਦੋਂ ਹੋਈ ਮੁਲਾਕਾਤ ਵੇ
ਕੀ ਹੋਵਾਂ ਮੈਂ ਅਹਿਸਾਨਮੰਦ ਤੇਰੀ
ਰੱਬਾ ਵੇ ਤੇਰੀ ਰਾਤ ਮੁੱਕ ਗਈ
ਗੱਲ ਮੁੱਕੀ ਨਾ...

ਮਿੱਠੀ-ਮਿੱਠੀ ਆਉਂਦੀ ਸੀ ਹਵਾਵਾਂ 'ਚੋਂ ਸੁਗੰਧ ਵੇ
ਰੰਗਾ ਰੰਗਾ ਲਗਦਾ ਸੀ ਪੁੰਨਿਆਂ ਦਾ ਚੰਦ ਵੇ
ਰਹਿ ਗਈ ਰਾਹਾਂ ਵਿੱਚ ਚਾਨਣੀ ਖਲੇਰੀ
ਰੱਬਾ ਵੇ ਤੇਰੀ ਰਾਤ ਮੁੱਕ ਗਈ
ਗੱਲ ਮੁੱਕੀ ਨਾ...